(This question paper contains 2 printed pages)

Roll No.

Sl. No of Question Paper: 350

Unique Paper Code: 212351

F

Name of the Paper: Punjabi Discipline A

Name of the Course: B. A. (Prog.)

Semester: III

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. 'ਕ੍ਰਿਸ਼ਨ' ਵਿਚ ਨਾਟਕਕਾਰ ਸਵਰਾਜਬੀਰ ਨੇ ਮਿੱਥ ਦਾ ਰੁਪਾਂਤਰਣ ਕਿਵੇਂ ਪੇਸ਼ ਕੀਤਾ ਹੈ ? ਨਾਟਕ ਵਿਚੋਂ ਹਵਾਲੇ ਦੇ ਕੇ ਸਮਝਾਉ। (15)

**ਜਾਂ**

ਪੰਜਾਬੀ ਨਾਟਕ ਦੀਆਂ ਮੁੱਖ ਪ੍ਰਵਿਰਤੀਆਂ ਉਪਰ ਵਿਸਤਾਰ ਸਹਿਤ ਚਰਚਾ ਕਰੋ।

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਦੇ ਸੰਖੇਪ ਉੱਤਰ ਦਿਉ : (10)

(ੳ) ਨਾਟਕ 'ਕ੍ਰਿਸ਼ਨ' ਕਿਹੜੇ ਸਮੇਂ ਤੇ ਸਥਾਨ ਨਾਲ ਸੰਬੰਧਤ ਹੈ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ।

(ਅ) ਕੀ ਪਾਂਡਵ ਵਣ ਦੇ ਦਾਹ ਜਾਂ ਨਾਸ ਹੋਣ ਦੀ ਘਟਨਾ, ਕ੍ਰਿਸ਼ਨ ਦੇ ਭਗਵਾਨ ਰੂਪ ਲਈ ਚੁਣੌਤੀ ਬਣਦੀ ਹੈ ? ਕਿਵੇਂ ?

(ੲ) ਨਾਟਕ 'ਕ੍ਰਿਸ਼ਨ' ਦੀ ਕਥਾ ਅਨੁਸਾਰ, 'ਜਰਾ' ਦੀ ਕੌਮ ਨਾਲ ਕਿਹੜੀ ਵਧੀਕੀ ਹੋਈ ?

3. ਕਹਾਣੀ-ਸੰਗ੍ਰਹਿ 'ਮੁੱਠੀ ਭਰ ਸੁਪਨੇ' ਇਕੋ ਸਮੇਂ ਪਰਵਾਸੀ-ਚੇਤਨਾ ਤੇ ਨਾਰੀ ਸੰਵੇਦਨਾ ਦੇ ਸਰੋਕਾਰਾਂ ਨੂੰ ਪੇਸ਼ ਕਰਦਾ ਹੈ। ਵਿਚਾਰ ਕਰੋ। (15)

**ਜਾਂ**

ਪਰਵੇਜ਼ ਕੌਰ ਸੰਧੂ ਦੇ ਕਹਾਣੀ-ਸੰਗ੍ਰਹਿ 'ਮੁੱਠੀ ਭਰ ਸੁਪਨੇ' ਦੀ ਸਭਿਆਚਾਰਕ ਵਿੱਥ ਦੇ ਆਧਾਰ 'ਤੇ ਚਰਚਾ ਕਰੋ।

4. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਦੇ ਸੰਖੇਪ ਉੱਤਰ ਦਿਉ : (10)

(ੳ) 'ਸੌਂਕਣ' ਕਹਾਣੀ ਵਿਚ ਸਮਾਜ ਦੇ ਕਿਹੜੇ ਬਦਲਦੇ ਮੁੱਲਾਂ ਦੀ ਪੇਸ਼ਕਾਰੀ ਹੋਈ ਹੈ ?

(ਅ) ਔਰਤ ਦੀ ਸਮੱਸਿਆ ਨਾਲ ਸੰਬੰਧਤ ਕਿਸੇ ਇਕ ਕਹਾਣੀ ਦੇ ਕਥਾਨਕ ਉਪਰ ਸੰਖੇਪ ਟਿੱਪਣੀ ਕਰੋ।

(ੲ) 'ਕੰਤਮਨੀ' ਜਾਂ 'ਬਲੀ' ਕਹਾਣੀਆਂ ਵਿਚੋਂ ਕਿਸੇ ਇਕ ਦੀ ਸਮੱਸਿਆ ਬਾਰੇ ਸੰਖੇਪ ਨੋਟ ਲਿਖੋ।

5. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(ੳ) ਰੇਡੀਉ ਤੇ ਟੈਲੀਵਿਜ਼ਨ ਨਾਟਕ ਦੇ ਸੰਬੰਧਾਂ ਬਾਰੇ ਤੁਸੀਂ ਕੀ ਜਾਣਦੇ ਹੋ ? (5)

**ਜਾਂ**

ਕੀ ਰੇਡੀਉ ਤੇ ਟੈਲੀਵਿਜ਼ਨ ਨਾਟਕ, ਇਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਕਿਵੇਂ ?

(ਅ) ਪੰਜਾਬੀ ਵਿਚ ਲੋਕ-ਨਾਟਕ ਨੂੰ ਕਿੰਨਾ-ਕੁ ਪਸੰਦ ਕੀਤਾ ਜਾਂਦਾ ਹੈ। ਸੰਖੇਪ ਵਿਚਾਰ ਕਰੋ। (5)

**ਜਾਂ**

ਪੰਜਾਬੀ ਲੋਕ-ਨਾਟਕ ਦੀਆਂ ਕਿਸਮਾਂ ਉਪਰ ਰੌਸ਼ਨੀ ਪਾਉ।

(ੲ) ਰੰਗਮੰਚ ਦੀ ਮਹੱਤਤਾ ਬਾਰੇ ਸੰਖੇਪ ਜਾਣਕਾਰੀ ਦਿਉ। (5)

(ਸ) ਲੋਕ-ਨਾਟਕ ਦੀਆਂ ਵੰਨਗੀਆਂ ਬਾਰੇ ਚਰਚਾ ਕਰੋ। (10)

**ਜਾਂ**

ਪੰਜਾਬੀ ਰੰਗਮੰਚ ਦੇ ਵਿਕਾਸ ਬਾਰੇ ਚਰਚਾ ਕਰੋ।

**—0—**